# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਬੱਸ ਸਟੈਂਡ ਦੇ ਬਾਹਰ ਬਣ ਰਹੀ ਆਰ.ਐਮ.ਸੀ (ਕੰਕਰੀਟ) ਦੀ ਸੜਕ ਦਾ ਕੰਮ ਜਲਦ ਹੋਵੇਗਾ ਮੁਕੰਮਲ......ਸੀਨੀਅਰ ਡਿਪਟੀ ਮੇਅਰ

### ਬੱਸ ਸਟੈਂਡ ਤੇ ਆਉਣ ਵਾਲੇ ਯਾਤਰੀਆਂ ਨੂੰ ਮਿਲੇਗੀ ਰਾਹਤ

ਹੁਸ਼ਿਆਰਪੁਰ 14 ਫਰਵਰੀ ਭਗਵਾਨ ਵਾਲਮਿਕੀ ਬੱਸ ਟਰਮੀਨਲ ਹੁਸ਼ਿਆਰਪੁਰ ਦੇ ਬਾਹਰ ਨਗਰ ਨਿਗਮ ਵੱਲੋਂ 48.00 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਆਰ.ਐਮ.ਸੀ (ਕੰਕਰੀਟ) ਸੜਕ ਦੇ ਕੰਮ ਦੀ ਪ੍ਰਗਤੀ ਦਾ ਜਾਇਜਾ ਲੈਣ ਲਈ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਦੋਰਾ ਕੀਤਾ। ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ,ਐਸ.ਡੀ.ਓ ਕੁਲਦੀਪ ਸਿੰਘ, ਕੌਂਸਲਰ ਬਲਵਿੰਦਰ ਬਿੰਦੀ, ਡੀ.ਐਸ.ਪੀ (ਰਿਟਾਇਰਡ) ਮਲਕੀਤ ਸਿੰਘ ਅਤੇ ਰਾਹੁਲ ਸ਼ਰਮਾ ਵੀ ਇਸ ਮੋਕੇ ਤੇ ਉਹਨ੍ਹਾਂ ਦੇ ਨਾਲ ਸਨ।ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਆਰ.ਐਮ.ਸੀ (ਕੰਕਰੀਟ) ਸੜਕ ਦੀ ਉਸਾਰੀ ਸਬੰਧੀ ਤਸਲੀ ਪ੍ਰਗਟ ਕਰਦਿਆਂ ਦੱਸਿਆ ਕਿ ਇਸ ਸੜਕ ਦਾ ਕੰਮ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ। ਇਹ ਸੜਕ ਪਹਿਲਾਂ ਪ੍ਰੀਮੀਕਸ ਨਾਲ ਬਣੀ ਹੋਣ ਕਾਰਨ ਬਰਸਾਤ ਦੇ ਪਾਣੀ ਨਾਲ ਖਰਾਬ ਹੋ ਜਾਂਦੀ ਸੀ। ਜਿਸ ਨਾਲ ਬੱਸ ਸਟੈਂਡ ਤੇ ਆਉਣ ਵਾਲੇ ਯਾਤਰੀਆਂ ਨੂੰ ਕਾਫੀ ਮੁਸ਼ਕਲ ਪੇਸ਼ ਆਉਦੀ ਸੀ ਜਿਸਨੂ ਦੇਖਦੇ ਹੋਏ ਨਗਰ ਨਿਗਮ ਵੱਲੋਂ ਇਹ ਸੜਕ ਆਰ.ਐਮ.ਸੀ (ਕੰਕਰੀਟ) ਦੀ ਸੜਕ ਬਣਾਈ ਜਾ ਰਹੀ ਹੈ। ਇਸ ਦੇ ਬਣਨ ਨਾਲ ਬਰਸਾਤ ਦਾ ਪਾਣੀ ਦੀ ਨਿਕਾਸੀ ਠੀਕ ਢੰਗ ਨਾਂਲ ਹੋ ਸਕੇਗੀ ਅਤੇ ਯਾਤਰੀਆਂ ਨੂੰ ਆਉਣ ਜਾਣ ਨਾਲ ਕੋਈ ਮੁਸ਼ਕਲ ਨਹੀ ਹੋਵੇਗੀ।